ਮਿੱਠੇ ਬੱਚੇ:- ਹੁਣ ਤੁਹਾਡੀਆਂ ਸਭ ਪਾਸੇ ਤੋਂ ਰਗਾਂ ਟੁੱਟ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਘਰ ਜਾਣਾ ਹੈ , ਕੋਈ ਇਵੇਂ ਦਾ ਵਿਕਰਮ ਨਾਂ ਹੋਵੇ , ਜੋ ਬ੍ਰਾਹਮਣ ਕੁੱਲ ਦਾ ਨਾਮ ਬਦਨਾਮ ਹੋਵੇ "

ਪ੍ਰਸ਼ਨ:- ਬਾਪ ਕਿੰਨਾ ਬੱਚਿਆਂ ਨੂੰ ਦੇਖ-ਦੇਖ ਬੜੇ ਖੁਸ਼ ਹੁੰਦੇ ਹਨ? ਕਿਹੜੇ ਬੱਚੇ ਬਾਪ ਦੀ ਅੱਖਾਂ ਵਿੱਚ ਸਮਾਏ ਹੋਏ ਹਨ?

ਉੱਤਰ:- ਜਿਹੜੇ ਬੱਚੇ ਬਹੁਤਿਆਂ ਨੂੰ ਸੁੱਖਦਾਈ ਬਣਾਉਂਦੇ, ਸਰਵਿਸਏਬਲ ਹਨ, ਉਨ੍ਹਾਂ ਨੂੰ ਦੇਖ ਬਾਪ ਵੀ ਖੁਸ਼ ਹੁੰਦੇ ਹਨ। ਜਿਨ੍ਹਾਂ ਬੱਚਿਆਂ ਦੀ ਬੁੱਧੀ ਵਿੱਚ ਰਹਿੰਦਾ ਹੈ ਕਿ ਇੱਕ ਬਾਬਾ ਨਾਲ ਹੀ ਬੋਲਾਂ, ਬਾਬਾ ਨਾਲ ਹੀ ਗੱਲ ਕਰਾਂ...ਇਵੇ ਦੇ ਬੱਚੇ ਬਾਪ ਦੀ ਅੱਖਾਂ ਵਿੱਚ ਸਮਾਏ ਰਹਿੰਦੇ ਹਨ। ਬਾਬਾ ਕਹਿੰਦੇ - ਮੇਰੀ ਸਰਵਿਸ ਕਰਨ ਵਾਲੇ ਬੱਚੇ ਮੈਨੂੰ ਅਤਿ ਪਿਆਰੇ ਹਨ। ਇਵੇਂ ਦੇ ਬੱਚਿਆਂ ਨੂੰ ਮੈਂ ਯਾਦ ਕਰਦਾ ਹਾਂ।

ਓਮ ਸ਼ਾਂਤੀ। ਮਿੱਠੇ-ਮਿੱਠੇ ਰੂਹਾਨੀ ਬੱਚੇ ਇਹ ਤਾਂ ਜਾਣਦੇ ਹਨ ਕਿ ਅਸੀਂ ਬਾਪ ਦੇ ਸਾਹਮਣੇ ਵੀ ਬੈਠੇ ਹਾਂ, ਉਹ ਬਾਪ ਫਿਰ ਟੀਚਰ ਦੇ ਰੂਪ ਵਿੱਚ ਪੜ੍ਹਾਉਣ ਵਾਲਾ ਵੀ ਹੈ। ਉਹ ਹੀ ਬਾਪ ਪਤਿਤ-ਪਾਵਨ ਸਦਗਤੀ ਦਾਤਾ ਵੀ ਹੈ। ਨਾਲ ਲੈ ਕੇ ਜਾਣ ਵਾਲਾ ਹੈ ਅਤੇ ਰਸਤਾ ਵੀ ਬੜਾ ਸਹਿਜ਼ ਦੱਸਦੇ ਹਨ। ਪਤਿਤ ਤੋਂ ਪਾਵਨ ਬਣਾਉਣ ਦੇ ਲਈ ਕੋਈ ਮਿਹਨਤ ਨਹੀਂ ਦਿੰਦੇ ਹਨ। ਕਿੱਥੇ ਵੀ ਜਾਵੋ ਘੁੰਮਦੇ ਫਿਰਦੇ ਵਿਲਾਇਤ ਵਿੱਚ ਜਾਂਦੇ ਸਿਰਫ਼ ਆਪਣੇ ਨੂੰ ਆਤਮਾ ਸਮਝੋ। ਉਹ ਤਾਂ ਸਮਝਦੇ ਹੋ। ਪਰ ਫਿਰ ਵੀ ਕਹਿੰਦੇ ਹਨ ਆਪਣੇ ਨੂੰ ਆਤਮਾ ਨਿਸ਼ਚੈ ਕਰੋ, ਦੇਹ - ਅਭਿਮਾਨ ਨੂੰ ਛੱਡ ਕੇ ਆਤਮ - ਅਭਿਮਾਨੀ ਬਣੋ। ਅਸੀਂ ਆਤਮਾ ਹਾਂ, ਸ਼ਰੀਰ ਲੈਂਦੇ ਹਾਂ ਪਾਰਟ ਵਜਾਉਣ ਦੇ ਲਈ। ਇਕ ਸ਼ਰੀਰ ਨਾਲ ਪਾਰਟ ਵਜਾ ਕੇ ਫਿਰ ਦੂਜਾ ਲੈਂਦੇ ਹਾਂ। ਕਿਸੇ ਦਾ ਪਾਰਟ 100 ਸਾਲ ਦਾ, ਕਿਸੇ ਦਾ 80 ਦਾ, ਕਿਸੇ ਦਾ 2 ਸਾਲ ਦਾ, ਕਿਸੇ ਦਾ 6 ਮਹੀਨੇ ਦਾ। ਕੋਈ ਤਾਂ ਜੰਮਦੇ ਹੀ ਖ਼ਤਮ ਹੋ ਜਾਂਦੇ ਹਨ। ਕੋਈ ਜਨਮ ਲੈਣ ਤੋਂ ਪਹਿਲਾਂ ਹੀ ਗਰਭ ਵਿੱਚ ਖ਼ਤਮ ਹੋ ਜਾਂਦੇ ਹਨ। ਹੁਣ ਇਥੋਂ ਦੇ ਪੁਨਰਜਨਮ ਅਤੇ ਸਤਿਯੁੱਗ ਦੇ ਪੁਨਰਜਨਮ ਵਿੱਚ ਰਾਤ - ਦਿਨ ਦਾ ਫ਼ਰਕ ਹੈ। ਇੱਥੇ ਗਰਭ ਤੋਂ ਜਨਮ ਲੈਂਦੇ ਹਨ ਤਾਂ ਇਸਨੂੰ ਗਰਭ ਜੇਲ ਕਿਹਾ ਜਾਂਦਾ ਹੈ। ਸਤਿਯੁੱਗ ਵਿੱਚ ਗਰਭ ਜੇਲ ਨਹੀਂ ਹੁੰਦਾ ਹੈ। ਉੱਥੇ ਵਿਕਰਮ ਨਹੀਂ ਹੁੰਦੇ ਹਨ, ਰਾਵਣ ਰਾਜ ਹੀ ਨਹੀਂ ਹੈ। ਬਾਪ ਸਭ ਗੱਲਾਂ ਸਮਝਾਉਂਦੇ ਹਨ। ਬੇਹੱਦ ਦਾ ਬਾਪ ਬੈਠ ਇਸ ਸ਼ਰੀਰ ਦੁਆਰਾ ਸਮਝਾਉਂਦੇ ਹਨ। ਇਸ ਸ਼ਰੀਰ ਦੀ ਆਤਮਾ ਵੀ ਸੁਣਦੀ ਹੈ। ਸੁਣਾਉਣ ਵਾਲਾ ਗਿਆਨ ਸਾਗਰ ਬਾਪ ਹੈ, ਜਿਸਨੂੰ ਆਪਣਾ ਸ਼ਰੀਰ ਨਹੀਂ ਹੈ। ਉਹ ਸਦਾ ਸ਼ਿਵ ਹੀ ਅਖਵਾਉਂਦੇ ਹਨ। ਜਿਵੇਂ ਉਹ ਪੁਨਰਜਨਮ ਰਹਿਤ ਹੈ, ਓਵੇਂ ਨਾਮ ਰੂਪ ਲੈਣ ਤੋਂ ਵੀ ਰਹਿਤ ਹਨ। ਉਸਨੂੰ ਕਿਹਾ ਜਾਂਦਾ ਹੈ ਸਦਾ ਸ਼ਿਵ। ਸਦਾ ਲਈ ਸ਼ਿਵ ਹੀ ਹੈ, ਜਿਸਮ ਦਾ ਕੋਈ ਨਾਮ ਨਹੀਂ ਪੈਂਦਾ ਹੈ। ਇਸ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਵੀ ਇਹਨਾਂ ਦੇ ਜਿਸਮ ਦਾ ਨਾਮ, ਉਨ੍ਹਾਂ ਤੇ ਨਹੀਂ ਆਉਂਦਾ ਹੈ। ਤੁਹਾਡਾ ਇਹ ਹੈ ਬੇਹੱਦ ਦਾ ਸੰਨਿਆਸ, ਉਹ ਹੱਦ ਦੇ ਸੰਨਿਆਸੀ ਹੁੰਦੇ ਹਨ। ਉਨ੍ਹਾਂ ਦੇ ਵੀ ਨਾਮ ਫਿਰਦੇ ਹਨ। ਤੁਹਾਡੇ ਨਾਮ ਵੀ ਬਾਬਾ ਨੇ ਕਿੰਨੇ ਚੰਗੇ-ਚੰਗੇ ਰੱਖੇ। ਡਰਾਮਾ ਅਨੁਸਾਰ ਜਿਨ੍ਹਾਂ ਨੂੰ ਨਾਮ ਦਿੱਤੇ ਉਹ ਗਾਇਬ ਹੋ ਗਏ। ਬਾਪ ਨੇ ਸਮਝਿਆ ਸਾਡੇ ਬਣੇ ਹਨ ਤਾਂ ਜਰੂਰ ਕਾਇਮ ਰਹਿਣਗੇ, ਫ਼ਾਰਕਤੀ ਨਹੀਂ ਦੇਣਗੇ, ਪਰ ਦੇ ਦਿੱਤਾ ਤਾਂ ਫਿਰ ਨਾਮ ਰੱਖਣ ਨਾਲ ਕੀ ਫਾਇਦਾ। ਸੰਨਿਆਸੀ ਵੀ ਫਿਰ ਘਰ ਆ ਜਾਂਦੇ ਹਨ ਤਾਂ ਫਿਰ ਪੁਰਾਣਾ ਨਾਮ ਹੀ ਚੱਲਦਾ ਹੈ। ਘਰ ਵਿੱਚ ਵਾਪਿਸ ਆਉਂਦੇ ਤਾਂ ਹਨ ਨਾ। ਇਵੇਂ ਨਹੀਂ ਕਿ ਸੰਨਿਆਸ ਕਰਦੇ ਹਨ ਤਾਂ ਉਨ੍ਹਾਂ ਨੂੰ ਮਿੱਤਰ ਸੰਬੰਧੀ ਆਦਿ ਯਾਦ ਨਹੀਂ ਰਹਿੰਦੇ ਹਨ। ਕੋਈ ਨੂੰ ਤਾਂ ਸਭ ਮਿੱਤਰ ਸੰਬੰਧੀ ਯਾਦ ਆਉਂਦੇ ਰਹਿੰਦੇ ਹਨ। ਮੋਹ ਵਿੱਚ ਫੱਸ ਮਰਦੇ ਹਨ। ਰੱਗ ਜੁਟੀ ਰਹਿੰਦੀ ਹੈ। ਕੋਈ ਦਾ ਤਾਂ ਝੱਟ ਕਨੈਕਸ਼ਨ ਟੁੱਟ ਜਾਂਦਾ ਹੈ। ਤੋੜਨਾ ਤਾਂ ਹੈ ਹੀ।

ਬਾਪ ਨੇ ਸਮਝਾਇਆ ਹੈ ਕਿ ਹੁਣ ਵਾਪਿਸ ਜਾਣਾ ਹੈ। ਬਾਪ ਖੁਦ ਬੈਠ ਦੱਸਦੇ ਹਨ, ਸਵੇਰੇ ਵੀ ਬਾਬਾ ਦੱਸ ਰਹੇ ਸਨ ਨਾ। ਦੇਖ ਦੇਖ ਮਨ ਵਿੱਚ ਸੁਖ ਹੋਵਤ...ਕਿਉ ? ਅੱਖਾਂ ਵਿੱਚ ਬੱਚੇ ਸਮਾਏ ਹੋਏ ਹਨ। ਆਤਮਾਵਾਂ ਨੂਰ ਹਨ ਨਾ। ਬਾਪ ਵੀ ਬੱਚਿਆਂ ਨੂੰ ਦੇਖ-ਦੇਖ ਖੁਸ਼ ਹੁੰਦਾ ਹੈ ਨਾ। ਕੋਈ ਤਾਂ ਬੜੇ ਚੰਗੇ ਬੱਚੇ ਹੁੰਦੇ ਹਨ, ਸੈਂਟਰ ਸੰਭਾਲਦੇ, ਅਤੇ ਕੋਈ ਬ੍ਰਾਹਮਣ ਬਣ ਫਿਰ ਵਿਕਾਰ ਵਿੱਚ ਚਲੇ ਜਾਂਦੇ ਹਨ, ਤਾਂ ਉਹ ਨਾਫ਼ਰਮਾਨਬਰਦਾਰ ਹੁੰਦੇ ਹਨ। ਤਾਂ ਇਹ ਬਾਪ ਵੀ ਸਰਵਿਸੇਬਲ ਬੱਚਿਆਂ ਨੂੰ ਦੇਖ-ਦੇਖ ਖੁਸ਼ ਹੁੰਦੇ ਹਨ। ਬੇਹੱਦ ਦਾ ਬਾਪ ਕਹਿੰਦੇ ਹਨ ਇਹ ਤਾਂ ਕੁਲ ਕਲੰਕਿਤ ਨਿਕਲਿਆ। ਬ੍ਰਾਹਮਣ ਕੁੱਲ ਦਾ ਨਾਮ ਬਦਨਾਮ ਕਰਦੇ ਹਨ। ਬੱਚਿਆਂ ਨੂੰ ਸਮਝਾਉਂਦੇ ਰਹਿੰਦੇ ਹਨ, ਕਿਸੇ ਦੇ ਵੀ ਨਾਮ ਰੂਪ ਵਿੱਚ ਫਸਣਾ ਨਹੀਂ ਹੈ, ਉਨ੍ਹਾਂ ਨੂੰ ਵੀ ਸੇਮੀ ਕੁਲ ਕਲੰਕਿਤ ਕਹਾਂਗੇ। ਸੇਮੀ ਤੋਂ ਫਿਰ ਫਾਈਨਲ ਵੀ ਹੋ ਜਾਂਦੇ ਹਨ। ਖ਼ੁਦ ਲਿਖਦੇ ਹਨ ਬਾਬਾ ਮੈਂ ਡਿੱਗ ਗਿਆ, ਅਸੀਂ ਕਾਲਾ ਮੂੰਹ ਕਰ ਦਿੱਤਾ। ਮਾਇਆ ਨੇ ਧੋਖਾ ਦੇ ਦਿੱਤਾ। ਮਾਇਆ ਦੇ ਤੂਫ਼ਾਨ ਬੜੇ ਆਉਂਦੇ ਹਨ। ਬਾਪ ਕਹਿੰਦੇ ਹਨ ਕਾਮ ਕਟਾਰੀ ਚਲਾਈ ਤਾਂ ਇਹ ਵੀ ਇੱਕ ਦੋ ਨੂੰ ਦੁੱਖ ਦਿੱਤਾ ਇਸ ਲਈ ਪ੍ਰਤਿਗਿਆ ਕਰਾਉਂਦੇ ਹਨ, ਬਲੱਡ ਕੱਢ ਕੇ ਵੀ ਉਸ ਨਾਲ ਵੱਡਾ ਪੱਤਰ ਲਿਖਦੇ ਹਨ। ਅੱਜ ਉਹ ਨਹੀਂ ਹਨ। ਬਾਪ ਕਹਿੰਦੇ ਹਨ ਅਹੋ ਮਾਇਆ! ਤੂੰ ਬੜੀ ਜਬਰਦਸਤ ਹੈ। ਇਵੇ-ਇਵੇ ਦੇ ਬੱਚੇ ਜਿਹੜੇ ਬਲੱਡ ਨਾਲ ਲਿਖਕੇ ਦਿੰਦੇ ਹਨ, ਤੂੰ ਉਨ੍ਹਾਂ ਨੂੰ ਵੀ ਖਾ ਲੈਂਦੀ ਹੈਂ। ਜਿਵੇ ਬਾਪ ਸਮਰੱਥ ਹੈ, ਮਾਇਆ ਵੀ ਸਮਰੱਥ ਹੈ। ਅੱਧਾਕਲਪ ਬਾਪ ਦੀ ਸਮਰੱਥੀ ਦਾ ਵਰਸਾ ਮਿਲਦਾ ਹੈ, ਅੱਧਾਕਲਪ ਫਿਰ ਮਾਇਆ ਉਹ ਸਮਰੱਥੀ ਗਵਾ ਦਿੰਦੀ ਹੈ। ਇਹ ਹੈ ਭਾਰਤ ਦੀ ਗੱਲ। ਦੇਵੀ - ਦੇਵਤਾ ਧਰਮ ਵਾਲੇ ਹੀ ਸਾਲਵੈਂਟ ਤੋਂ ਇਨਸਾਲਵੈਂਟ ਬਣਦੇ ਹਨ। ਹੁਣ ਤੁਸੀ ਲਕਸ਼ਮੀ - ਨਰਾਇਣ ਦੇ ਮੰਦਿਰ ਵਿੱਚ ਜਾਵੋਗੇ। ਤੁਸੀਂ ਤਾਂ ਵੰਡਰ ਖਾਵੋਗੇ। ਇਸ ਘਰਾਣੇ ਦੇ ਅਸੀਂ ਸੀ, ਹੁਣ ਅਸੀਂ ਪੜ੍ਹ ਰਹੇ ਹਾਂ। ਇਨ੍ਹਾਂ ਦੀ ਆਤਮਾ ਵੀ ਬਾਬਾ ਤੋਂ

ਪੜ੍ਹ ਰਹੀ ਹੈ। ਅੱਗੇ ਤਾਂ ਤੁਸੀਂ ਜਿੱਥੇ-ਕਿੱਤੇ ਮੱਥਾ ਟੇਕਦੇ ਸੀ। ਹੁਣ ਗਿਆਨ ਹੈ, ਹਰ ਇੱਕ ਦੇ ਸਾਰੇ 84 ਜਨਮਾਂ ਦੀ ਬਾਇਓਗ੍ਰਾਫੀ ਨੂੰ ਤੁਸੀਂ ਜਾਣਦੇ ਹੋ। ਹਰ ਇੱਕ ਆਪਣਾ ਪਾਰਟ ਵਜਾਉਂਦੇ ਹਨ।

ਬਾਪ ਕਹਿੰਦੇ ਹਨ - ਬੱਚੇ ਸਦਾ ਖੁਸ਼ ਰਹੋ। ਇਥੋਂ ਦੇ ਹਰਸ਼ਿਤ ਪਨੇ(ਖੁਸ਼ੀ) ਦੇ ਸੰਸਕਾਰ ਫਿਰ ਨਾਲ ਲੈ ਜਾਣਗੇ। ਤੁਸੀਂ ਜਾਣਦੇ ਹੋ ਅਸੀਂ ਕੀ ਬਣਦੇ ਹਾਂ? ਬੇਹੱਦ ਦਾ ਬਾਪ ਸਾਨੂੰ ਇਹ ਵਰਸਾ ਦੇ ਰਹੇ ਹਨ ਅਤੇ ਹੋਰ ਕੋਈ ਦੇ ਵੀ ਨਹੀਂ ਸਕਦਾ ਹੈ। ਇੱਕ ਵੀ ਮਨੁੱਖ ਨਹੀਂ ਜਿਸਨੂੰ ਪਤਾ ਹੋਵੇ ਕੀ ਇਹ ਲਕਸ਼ਮੀ - ਨਰਾਇਣ ਕਿੱਥੇ ਗਏ। ਸਮਝਦੇ ਹਨ ਜਿਥੋਂ ਆਏ ਸੀ ਓਥੇ ਚਲੇ ਗਏ। ਹੁਣ ਬਾਪ ਕਹਿੰਦੇ ਹਨ ਬੁੱਧੀ ਨਾਲ ਜੱਜ ਕਰੋ ਭਗਤੀ ਮਾਰਗ ਵਿੱਚ ਵੀ ਤੁਸੀਂ ਵੇਦ ਸ਼ਾਸਤਰ ਪੜਦੇ ਹੋ, ਹੁਣ ਮੈਂ ਤੁਹਾਨੂੰ ਗਿਆਨ ਸਣਾਉਂਦਾ ਹਾਂ। ਤੁਸੀਂ ਜੱਜ ਕਰੋ - ਭਗਤੀ ਰਾਈਟ ਹੈ ਜਾਂ ਅਸੀਂ ਰਾਈਟ ਹਾਂ? ਬਾਪ, ਰਾਮ ਹੈ ਰਾਇਟੀਅਸ, ਰਾਵਣ ਹੈ ਅਨਰਾਇਟੀਅਸ। ਹਰ ਗੱਲ ਵਿੱਚ ਝੂਠ ਬੋਲਦੇ ਹਨ। ਇਹ ਗਿਆਨ ਦੀਆਂ ਗੱਲਾਂ ਲਈ ਕਿਹਾ ਜਾਂਦਾ ਹੈ। ਤੁਸੀਂ ਜਾਣਦੇ ਹੋ ਪਹਿਲਾਂ ਅਸੀਂ ਸਭ ਝੂਠ ਬੋਲਦੇ ਸੀ। ਦਾਨ-ਪੁੰਨ ਆਦਿ ਕਰਦੇ ਵੀ ਪੌੜੀ ਥੱਲੇ ਹੀ ਉਤਰਦੇ ਹਨ। ਤੁਸੀਂ ਦਿੰਦੇ ਵੀ ਹੋ ਆਤਮਾਵਾਂ ਨੂੰ। ਜਿਹੜੇ ਪਾਪ ਆਤਮਾ, ਪਾਪ ਆਤਮਾ ਨੂੰ ਦਿੰਦੇ ਤਾਂ ਫਿਰ ਪੁੰਨ ਆਤਮਾ ਕਿਵੇਂ ਬਣਨਗੇ? ਉੱਥੇ ਆਤਮਾਵਾਂ ਦੀ ਲੈਣ-ਦੇਣ ਨਹੀਂ ਹੁੰਦੀ ਹੈ। ਇੱਥੇ ਤਾਂ ਲੱਖਾਂ ਰੁਪਏ ਦਾ ਕਰਜ਼ ਲੈਂਦੇ ਰਹਿੰਦੇ ਹਨ। ਇਸ ਰਾਵਣ ਰਾਜ ਵਿੱਚ ਕਦਮ-ਕਦਮ ਤੇ ਮਨੁੱਖਾਂ ਨੂੰ ਦੁੱਖ ਹੈ। ਹੁਣ ਤੁਸੀਂ ਸੰਗਮ ਤੇ ਹੋ। ਤੁਹਾਡੇ ਤਾਂ ਕਦਮ-ਕਦਮ ਤੇ ਪਦਮ ਹੈ। ਦੇਵਤਾ ਪਦਮਪਤੀ ਕਿਵੇਂ ਬਣੇ? ਇਹ ਕਿਸੇ ਨੂੰ ਵੀ ਪਤਾ ਨਹੀਂ ਹੈ। ਸਵਰਗ ਤਾਂ ਜਰੂਰ ਸੀ। ਨਿਸ਼ਾਨੀਆਂ ਹਨ। ਬਾਕੀ ਉਨ੍ਹਾਂ ਨੂੰ ਇਹ ਪਤਾ ਨਹੀਂ ਰਹਿੰਦਾ ਹੈ ਕਿ ਕਿਹੜੇ ਕਰਮ ਕੀਤੇ ਹਨ ਅਗਲੇ ਜਨਮ ਵਿੱਚ, ਜੋ ਰਾਜ ਮਿਲਿਆ। ਉਹ ਤਾਂ ਹੈ ਹੀ ਨਵੀ ਸ੍ਰਿਸ਼ਟੀ। ਤਾਂ ਫਾਲਤੂ ਖ਼ਿਆਲਾਤ ਹੁੰਦੇ ਹੀ ਨਹੀਂ ਹਨ। ਉਸਨੂੰ ਕਿਹਾ ਹੀ ਜਾਂਦਾ ਹੈ ਸੁਖਧਾਮ। 5 ਹਜ਼ਾਰ ਸਾਲ ਦੀ ਗੱਲ ਹੈ। ਤੁਸੀਂ ਪੜਦੇ ਹੋ ਸੁੱਖ ਦੇ ਲਈ, ਪਾਵਨ ਬਣਨ ਦੇ ਲਈ। ਬਹੁਤ ਯੁਕਤੀਆਂ ਨਿਕਲਦੀਆਂ ਹਨ। ਬਾਪ ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ, ਸ਼ਾਂਤੀਧਾਮ ਆਤਮਾਵਾਂ ਦੇ ਰਹਿਣ ਦਾ ਸਥਾਨ ਹੈ, ਉਸਨੂੰ ਸਵੀਟ ਹੋਮ ਕਿਹਾ ਜਾਂਦਾ ਹੈ। ਜਿਵੇ ਵਿਲਾਇਤ ਤੋਂ ਆਉਂਦੇ ਹਨ, ਤਾਂ ਸਮਝਣਗੇ ਅਸੀਂ ਹੁਣ ਆਪਣੇ ਸਵੀਟ ਹੋਮ ਵਿੱਚ ਜਾਂਦੇ ਹਾਂ। ਤੁਹਾਡਾ ਸਵੀਟ ਹੋਮ ਹੈ ਸ਼ਾਂਤੀਧਾਮ। ਬਾਪ ਵੀ ਸ਼ਾਂਤੀ ਦਾ ਸਾਗਰ ਹੈ ਨਾ, ਜਿਸਦਾ ਪਾਰਟ ਹੀ ਪਿੱਛੇ ਹੋਵੇਗਾ, ਤਾਂ ਕਿੰਨਾ ਸਮਾਂ ਸ਼ਾਂਤੀ ਵਿੱਚ ਰਹਿੰਦੇ ਹੋਣਗੇ। ਬਾਬਾ ਦਾ ਬਹੁਤ ਥੋੜਾ ਪਾਰਟ ਕਹਾਂਗੇ। ਇਸ ਡਰਾਮਾ ਵਿੱਚ ਤੁਹਾਡਾ ਹੈ ਹੀਰੋ-ਹੀਰੋਇਨ ਦਾ ਪਾਰਟ। ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਇਹ ਨਸ਼ਾ ਕਦੇ ਹੋਰ ਕੋਈ ਨੂੰ ਨਹੀਂ ਹੋ ਨਹੀਂ ਸਕਦਾ ਹੈ। ਹੋਰ ਕਿਸੇ ਦੀ ਤਕਦੀਰ ਵਿੱਚ ਸਵਰਗ ਦੇ ਸੁੱਖ ਹੈ ਹੀ ਨਹੀਂ। ਇਹ ਤਾਂ ਤੁਹਾਨੂੰ ਬੱਚਿਆਂ ਨੂੰ ਹੀ ਮਿਲਦੇ ਹਨ। ਜਿਨ੍ਹਾਂ ਬੱਚਿਆਂ ਨੂੰ ਬਾਪ ਦੇਖਦੇ ਹਨ, ਕਹਿੰਦੇ ਹਨ ਬਾਬਾ ਤੁਹਾਡੇ ਨਾਲ ਬੋਲਾਂ, ਤੁਹਾਡੇ ਨਾਲ ਗੱਲ ਕਰਾਂ...ਬਾਪ ਵੀ ਕਹਿੰਦੇ ਹਨ ਮੈਂ ਤੁਹਾਨੂੰ ਬੱਚਿਆਂ ਨੂੰ ਦੇਖ-ਦੇਖ ਬੜਾ ਖੁਸ਼ ਹੁੰਦਾ ਹਾਂ। ਅਸੀਂ 5 ਹਜ਼ਾਰ ਸਾਲ ਬਾਅਦ ਆਏ ਹਾਂ, ਬੱਚਿਆਂ ਨੂੰ ਦੁਖਧਾਮ ਤੋਂ ਸੁਖਧਾਮ ਵਿੱਚ ਲੈ ਜਾਂਦੇ ਹਾਂ ਕਿਉਂਕਿ ਕਾਮ ਚਿਤਾ ਤੇ ਚੜਦੇ-ਚੜਦੇ ਸੜ ਕੇ ਭਸਮ ਹੋ ਗਏ ਹਨ। ਹੁਣ ਉਨ੍ਹਾਂ ਨੂੰ ਜਾਕੇ ਕਬਰ ਤੋਂ ਕੱਢਣਾ ਹੈ। ਆਤਮਾਵਾਂ ਤਾਂ ਸਭ ਹਾਜ਼ਰ ਹਨ ਨਾ। ਉਨ੍ਹਾਂ ਨੂੰ ਪਾਵਨ ਬਣਾਉਣਾ ਹੈ।

ਬਾਪ ਕਹਿੰਦੇ ਹਨ - ਬੱਚੇ, ਬੁੱਧੀ ਨਾਲ ਇੱਕ ਸਤਿਗੁਰੂ ਨੂੰ ਯਾਦ ਕਰੋ ਅਤੇ ਹੋਰ ਸਭ ਨੂੰ ਭੁੱਲ ਜਾਵੋ। ਇੱਕ ਨਾਲ ਹੀ ਤਾਲੁਕ ਰੱਖਣਾ ਹੈ। ਤੁਹਾਡਾ ਕਹਿਣਾ ਵੀ ਸੀ ਕਿ ਤੁਸੀਂ ਆਵੋਗੇ ਤਾਂ ਤੁਹਾਡੇ ਸਿਵਾਏ ਹੋਰ ਕੋਈ ਨਹੀਂ। ਤੁਹਾਡੀ ਹੀ ਮੱਤ ਤੇ ਚੱਲਾਂਗੇ। ਸ੍ਰੇਸ਼ਠ ਬਣਾਂਗੇ। ਗਾਉਂਦੇ ਵੀ ਹਨ ਉੱਚੇ ਤੇ ਉੱਚਾ ਭਗਵਾਨ ਹੈ। ਉਨ੍ਹਾਂ ਦੀ ਮੱਤ ਵੀ ਉੱਚੇ ਤੇ ਉੱਚੀ ਹੈ। ਬਾਪ ਖੁੱਦ ਕਹਿੰਦੇ ਹਨ ਇਹ ਗਿਆਨ ਜੋ ਹੁਣ ਮੈਂ ਤੁਹਾਨੂੰ ਦਿੰਦਾ ਹਾਂ ਉਹ ਫਿਰ ਥੋੜੇ ਸਮੇਂ ਲਈ ਗੁੰਮ ਹੋ ਜਾਵੇਗਾ। ਭਗਤੀ ਮਾਰਗ ਦੇ ਸ਼ਾਸਤਰ ਤਾਂ ਪਰੰਪਰਾ ਤੋਂ ਚਲੇ ਆਉਂਦੇ ਹਨ। ਕਹਿੰਦੇ ਹਨ ਰਾਵਣ ਵੀ ਚੱਲਿਆ ਆਉਂਦਾ ਹੈ। ਤੁਸੀਂ ਪੁੱਛੋਂ ਰਾਵਣ ਨੂੰ ਕਦੋ ਤੋਂ ਸਾੜਦੇ ਹੋ, ਕਿਉਂ ਸਾੜਦੇ ਹੋ? ਕੁਝ ਵੀ ਪਤਾ ਨਹੀਂ ਹੈ। ਮਤਲਬ ਨਾਂ ਸਮਝਣ ਕਾਰਣ ਕਿੰਨਾ ਸ਼ਾਦਨਾਮਾ ਕਰਦੇ ਹਨ। ਬਹੁਤ ਵਿਜੀਟਰਸ ਆਦਿ ਨੂੰ ਬੁਲਾਉਂਦੇ ਹਨ। ਜਿਵੇਂ ਸੈਰਿਮਨੀ ਕਰਦੇ ਹਨ, ਰਾਵਣ ਨੂੰ ਸਾੜਨ ਦੀ। ਤੁਸੀਂ ਸਮਝ ਨਹੀਂ ਸਕਦੇ ਹੋ ਰਾਵਣ ਨੂੰ ਕਦੋ ਤੋਂ ਬਣਾਉਂਦੇ ਆਏ ਹਨ? ਦਿਨ ਪ੍ਰਤੀਦਿਨ ਵੱਡਾ ਬਣਾਉਂਦੇ ਜਾਂਦੇ ਹਨ, ਕਹਿੰਦੇ ਹਨ ਇਹ ਪਰੰਪਰਾ ਤੋਂ ਚਲਿਆ ਆਉਂਦਾ ਹੈ। ਪਰ ਇਵੇ ਤਾਂ ਹੋ ਨਹੀਂ ਸਕਦਾ ਹੈ। ਆਖਰੀਨ ਰਾਵਣ ਨੂੰ ਕਦੋਂ ਤੱਕ ਸਾੜਦੇ ਰਹਿਣਗੇ? ਤੁਸੀਂ ਤਾਂ ਜਾਣਦੇ ਹੋ ਬਾਕੀ ਥੋੜਾ ਸਮਾਂ ਹੈ ਫਿਰ ਤਾਂ ਇੰਨਾ ਦਾ ਰਾਜ ਹੀ ਨਹੀਂ ਹੋਵੇਗਾ। ਬਾਪ ਕਹਿੰਦੇ ਹਨ ਇਹ ਰਾਵਣ ਸਭ ਤੋਂ ਵੱਡਾ ਦੁਸ਼ਮਣ ਹੈ, ਇਸ ਤੇ ਜਿੱਤ ਪਾਉਣੀ ਹੈ। ਮਨੁੱਖਾਂ ਦੀ ਬੁੱਧੀ ਵਿੱਚ ਬੜੀਆਂ ਗੱਲਾਂ ਹਨ। ਤੁਸੀਂ ਜਾਣਦੇ ਹੋ ਇਸ ਡਰਾਮਾ ਵਿੱਚ ਸੈਕੰਡ ਬਾਈ ਸੈਕੰਡ ਜੋ ਕੁਝ ਚਲਦਾ ਆਇਆ ਹੈ, ਉਹ ਸਭ ਨੂੰਧ ਹੈ। ਤੁਸੀਂ ਤਿੱਥੀ-ਤਰੀਕ ਸਾਰਾ ਹਿਸਾਬ ਕੱਢ ਸਕਦੇ ਹੋ - ਕਿੰਨੇ ਘੰਟੇ, ਕਿੰਨੇ ਸਾਲ, ਕਿੰਨੇ ਮਹੀਨੇ ਸਾਡਾ ਪਾਰਟ ਚੱਲਦਾ ਹੈ। ਇਹ ਸਾਰਾ ਗਿਆਨ ਬੁੱਧੀ ਵਿੱਚ ਹੋਣਾ ਚਾਹੀਦਾ ਹੈ। ਬਾਬਾ ਸਾਨੂੰ ਇਹ ਸਮਝਾਉਂਦੇ ਹਨ। ਬਾਬਾ ਕਹਿੰਦੇ ਹਨ ਮੈਂ ਪਤਿਤ ਪਾਵਨ ਹਾਂ। ਤੁਸੀਂ ਮੈਨੂੰ ਬੁਲਾਉਂਦੇ ਹੋ ਕਿ ਆਕੇ ਪਾਵਨ ਬਣਾਓ। ਪਾਵਨ ਦੁਨੀਆ ਤਾਂ ਹੁੰਦੀ ਹੈ ਸ਼ਾਂਤੀਧਾਮ ਅਤੇ ਸੁਖਧਾਮ। ਹੁਣ ਤਾਂ ਸਭ ਪਤਿਤ ਹਨ। ਹਮੇਸ਼ਾਂ ਬਾਬਾ-ਬਾਬਾ ਕਹਿੰਦੇ ਰਹੋ। ਇਹ ਭੁੱਲਣਾ ਨਹੀਂ ਹੈ, ਤਾਂ ਸਦਾ ਸ਼ਿਵਬਾਬਾ ਯਾਦ ਆਵੇਗਾ। ਉਹ ਸਾਡਾ ਬਾਬਾ ਹੈ। ਪਹਿਲਾਂ-ਪਹਿਲਾਂ ਹੈ ਇਹ ਬੇਹੱਦ ਦਾ ਬਾਬਾ। ਬਾਬਾ ਕਹਿਣ ਨਾਲ ਹੀ ਵਰਸੇ ਦੀ ਖੁਸ਼ੀ ਵਿੱਚ ਆਉਂਦੇ ਹਨ। ਸਿਰਫ਼ ਭਗਵਾਨ ਅਤੇ ਈਸ਼ਵਰ ਕਹਿਣ ਨਾਲ ਕਦੇ ਇਸ ਤਰ੍ਹਾਂ ਦਾ ਵਿਚਾਰ ਨਹੀਂ ਆਵੇਗਾ। ਸਭ ਨੂੰ ਬੋਲੋ - ਬੇਹੱਦ ਦਾ ਬਾਪ ਸਮਝਾਉਂਦੇ ਹਨ ਬ੍ਰਹਮਾ ਦੁਆਰਾ। ਇਹ ਉਸਦਾ ਰੱਥ ਹੈ। ਉਸਦੇ ਦੁਆਰਾ ਕਹਿੰਦੇ ਹਨ ਮੈਂ ਤੁਹਾਨੂੰ ਬੱਚਿਆਂ ਨੂੰ ਇਹ ਬਣਾਉਂਦਾ ਹਾਂ। ਇਸ ਬੈਜ ਵਿੱਚ ਸਾਰਾ ਗਿਆਨ ਭਰਿਆ ਹੋਇਆ ਹੈ। ਪਿੱਛੇ ਤੁਹਾਨੂੰ ਇਹ ਹੀ ਯਾਦ ਰਹੇਗਾ - ਸ਼ਾਂਤੀਧਾਮ, ਸੁੱਖਧਾਮ। ਦੁੱਖਧਾਮ ਨੂੰ ਤਾਂ ਭੁੱਲਦੇ ਜਾਂਦੇ ਹਨ। ਇਹ ਵੀ ਜਾਣਦੇ ਹਨ ਫਿਰ ਨੰਬਰਵਾਰ ਸਭ ਆਪਣੇ ਆਪਣੇ ਟਾਈਮ ਤੇ ਆਉਣਗੇ। ਇਸਲਾਮੀ,

ਬੋਧੀ, ਕ੍ਰਿਸ਼ਚਨ ਆਦਿ ਕਿੰਨੇ ਢੇਰ ਹਨ। ਅਨੇਕ ਭਾਸ਼ਾਵਾਂ ਹਨ। ਪਹਿਲਾਂ ਸੀ ਇੱਕ ਧਰਮ ਫਿਰ ਉਸਤੋਂ ਕਿੰਨੇ ਨਿਕਲੇ ਹਨ। ਕਿੰਨੀਆਂ ਲੜਾਈਆਂ ਆਦਿ ਲੱਗੀਆਂ ਹਨ। ਲੜਦੇ ਤਾਂ ਸਭ ਹਨ ਕਿਉਂਕਿ ਨਿਧਨਕੇ ਬਣ ਜਾਂਦੇ ਹਨ ਨਾ। ਹੁਣ ਬਾਪ ਕਹਿੰਦੇ ਹਨ ਮੈਂ ਤੁਹਾਨੂੰ ਜੋ ਰਾਜ ਦਿੰਦਾ ਹਾਂ ਉਹ ਕਦੇ ਕੋਈ ਤੁਹਾਡੇ ਤੋਂ ਖੋਹ ਨਹੀਂ ਸਕਦਾ ਹੈ। ਬਾਪ ਸਵਰਗ ਦਾ ਵਰਸਾ ਦਿੰਦੇ ਹਨ, ਜੋ ਕੋਈ ਖੋਹ ਨਹੀਂ ਸਕਦਾ ਹੈ। ਇਸ ਵਿੱਚ ਅਖੰਡ, ਅਟਲ, ਅਡੋਲ ਰਹਿਣਾ ਹੈ। ਮਾਇਆ ਦੇ ਤੂਫ਼ਾਨ ਤਾਂ ਜਰੂਰ ਆਉਣਗੇ। ਪਹਿਲਾਂ ਜੋ ਅੱਗੇ ਹੋਵੇਗਾ ਉਹ ਤਾਂ ਸਭ ਅਨੁਭਵ ਕਰਨਗੇ ਨਾ। ਬਿਮਾਰੀਆਂ ਆਦਿ ਸਭ ਸਦਾ ਦੇ ਲਈ ਖ਼ਤਮ ਹੋਣੀਆਂ ਹਨ, ਇਸ ਲਈ ਕਰਮਾਂ ਦਾ ਹਿਸਾਬ - ਕਿਤਾਬ, ਬਿਮਾਰੀਆਂ ਆਦਿ ਜ਼ਿਆਦਾ ਆਉਣ ਤਾਂ ਇਸ ਵਿੱਚ ਡਰਨਾ ਨਹੀਂ ਹੈ। ਇਹ ਸਭ ਪਿੱਛੇ ਦੀਆਂ ਹਨ, ਫਿਰ ਨਹੀਂ ਹੋਣਗੀਆਂ। ਹੁਣ ਸਾਰੀਆਂ ਉਥਲ ਖਾਣਗੀਆਂ। ਬੁੱਢਿਆਂ ਨੂੰ ਵੀ ਮਾਇਆ ਜਵਾਨ ਬਣਾ ਦੇਵੇਗੀ। ਮਨੁੱਖ ਵਾਨਪ੍ਰਸਥ ਲੈਂਦੇ ਹਨ ਤਾਂ ਉੱਥੇ ਫੀਮੇਲਜ਼ ਨਹੀਂ ਹੁੰਦੀਆਂ ਹਨ। ਸੰਨਿਆਸੀ ਵੀ ਜੰਗਲ ਵਿੱਚ ਚਲੇ ਜਾਂਦੇ ਹਨ। ਉੱਥੇ ਵੀ ਫੀਮੇਲਜ਼ ਨਹੀਂ ਹੁੰਦੀਆਂ ਹਨ। ਕਿਸੇ ਦੇ ਵੱਲ ਦੇਖਦੇ ਵੀ ਨਹੀਂ ਹਨ। ਭਿੱਖਿਆ ਲਈ, ਚਲੇ ਗਏ। ਅੱਗੇ ਤਾਂ ਬਿਲਕੁੱਲ ਇਸਤਰੀ ਦੇ ਵੱਲ ਦੇਖਦੇ ਵੀ ਨਹੀਂ ਸਨ। ਸਮਝਦੇ ਸਨ ਜਰੂਰ ਬੁੱਧੀ ਜਾਵੇਗੀ। ਭੈਣ - ਭਰਾ ਦੇ ਸੰਬੰਧ ਵਿੱਚ ਵੀ ਬੁੱਧੀ ਜਾਂਦੀ ਹੈ ਇਸ ਲਈ ਬਾਬਾ ਕਹਿੰਦੇ ਹਨ ਭਾਈ-ਭਾਈ ਦੇਖੋ। ਸ਼ਰੀਰ ਦਾ ਨਾਮ ਵੀ ਨਹੀਂ। ਇਹ ਬੜੀ ਉੱਚੀ ਮੰਜਿਲ ਹੈ। ਇਕਦਮ ਚੋਟੀ ਤੇ ਜਾਣਾ ਹੈ। ਇਹ ਰਾਜਧਾਨੀ ਸਥਾਪਤ ਹੁੰਦੀ ਹੈ। ਇਸ ਵਿੱਚ ਬੜੀ ਮਿਹਨਤ ਹੈ। ਕਹਿੰਦੇ ਹਨ ਅਸੀਂ ਲਕਸ਼ਮੀ - ਨਰਾਇਣ ਬਣਾਂਗੇ। ਬਾਪ ਕਹਿੰਦੇ ਹਨ ਬਣੋ। ਸ਼੍ਰੀਮਤ ਤੇ ਚੱਲੋ। ਮਾਇਆ ਦੇ ਤੂਫ਼ਾਨ ਤਾਂ ਆਉਣਗੇ, ਕਰਮਇੰਦਰੀਆਂ ਨਾਲ ਕੁਝ ਵੀ ਨਹੀਂ ਕਰਨਾ ਹੈ। ਦੀਵਾਲਾ ਆਦਿ ਤਾਂ ਇਵੇਂ ਵੀ ਮਾਰਦੇ ਰਹਿੰਦੇ ਹਨ। ਇਵੇਂ ਨਹੀਂ ਕੀ ਗਿਆਨ ਵਿੱਚ ਆਏ ਹਾਂ ਫਿਰ ਦੀਵਾਲਾ ਮਾਰਿਆ। ਇਹ ਤਾਂ ਚੱਲਿਆ ਆਉਂਦਾ ਹੈ। ਬਾਪ ਤਾਂ ਕਹਿੰਦੇ ਹਨ ਮੈਂ ਆਇਆ ਹੀ ਹਾਂ ਤੁਹਾਨੂੰ ਪਤਿਤ ਤੋਂ ਪਾਵਨ ਬਣਾਉਣ ਦੇ ਲਈ। ਕਦੇ ਬੜੀ ਚੰਗੀ ਸਰਵਿਸ ਕਰਦੇ ਹਨ, ਹੋਰਾਂ ਨੂੰ ਸਮਝਾਵੰਤੀ ਫਿਰ ਦੀਵਾਲਾ ਮਾਰੰਤੀ...ਮਾਇਆ ਬੜੀ ਜਬਰਦਸਤ ਹੈ। ਚੰਗੇ-ਚੰਗੇ ਡਿੱਗ ਪੈਂਦੇ ਹਨ। ਬਾਪ ਬੈਠ ਸਮਝਾਉਂਦੇ ਹਨ, ਮੇਰੀ ਸਰਵਿਸ ਕਰਨ ਵਾਲੇ ਬੱਚੇ ਹੀ ਮੈਨੂੰ ਪਿਆਰੇ ਲੱਗਦੇ ਹਨ। ਬਹੁਤਿਆਂ ਨੂੰ ਸੁੱਖਦਾਈ ਬਣਾਉਂਦੇ ਹਨ, ਇਵੇਂ ਦੇ ਬੱਚਿਆਂ ਨੂੰ ਯਾਦ ਕਰਦਾ ਰਹਿੰਦਾ ਹਾਂ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ- ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਿਸੇ ਦੇ ਵੀ ਨਾਮ ਰੂਪ ਵਿੱਚ ਫ਼ਸ ਕੇ ਕੁਲ ਕਲੰਕਿਤ ਨਹੀਂ ਬਣਨਾ ਹੈ। ਮਾਇਆ ਦੇ ਧੋਖੇ ਵਿੱਚ ਆਕੇ ਇੱਕ-ਦੋ ਨੂੰ ਦੁੱਖ ਨਹੀਂ ਦੇਣਾ ਹੈ। ਬਾਪ ਤੋਂ ਸਮਰੱਥੀ ਦਾ ਵਰਸਾ ਲੈ ਲੈਣਾ ਹੈ।

2. ਸਦਾ ਖੁਸ਼ ਰਹਿਣ ਦੇ ਸੰਸਕਾਰ ਇਥੋਂ ਹੀ ਭਰਨੇ ਹਨ। ਹੁਣ ਪਾਪ ਆਤਮਾਵਾਂ ਨਾਲ ਕੋਈ ਵੀ ਲੈਣ - ਦੇਣ ਨਹੀਂ ਕਰਨੀ ਹੈ। ਬਿਮਾਰੀਆਂ ਆਦਿ ਤੋਂ ਡਰਨਾ ਨਹੀਂ ਹੈ, ਸਭ ਹਿਸਾਬ - ਕਿਤਾਬ ਹੁਣ ਹੀ ਚੁਕਤੂ ਕਰਨੇ ਹਨ।

ਵਰਦਾਨ:- ਵਿਲ ਪਾਵਰ ਦਵਾਰਾ ਸੈਕਿੰਡ ਵਿੱਚ ਵਿਅਰਥ ਨੂੰ ਫੁਲਸਟਾਪ ਲਗਾਉਣ ਵਾਲੇ ਅਸਰੀਰੀ ਭਵ

ਸੈਕਿੰਡ ਵਿੱਚ ਅਸ਼ਰੀਰੀ ਬਣਨ ਦਾ ਫਾਊਂਡੇਸ਼ਨ - ਇਹ ਬੇਹੱਦ ਦੀ ਵੈਰਾਗ ਵ੍ਰਿਤੀ ਹੈ। ਇਹ ਵੈਰਾਗ ਅਜਿਹੀ ਯੋਗ ਧਰਨੀ ਹੈ ਉਸਵਿੱਚ ਜੋ ਵੀ ਪਾਓ ਉਸਦਾ ਫਲ ਫਰੋਨ ਨਿਕਲਦਾ ਹੈ। ਤਾਂ ਹੁਣ ਅਜਿਹੀ ਵਿਲ ਪਾਵਰ ਹੋਵੇ ਜੋ ਸੰਕਲਪ ਕੀਤਾ - ਵਿਅਰਥ ਸਮਾਪਤ, ਤਾਂ ਸੈਕਿੰਡ ਵਿੱਚ ਸਮਾਪਤ ਹੋ ਜਾਏ। ਜਦੋਂ ਚਾਹੋ, ਜਿਸ ਸਥਿਤੀ ਵਿੱਚ ਚਾਹੋ ਸੈਕਿੰਡ ਵਿੱਚ ਸੈਟ ਕਰ ਲਵੋ, ਸੇਵਾ ਖਿੱਚੇ ਨਹੀਂ। ਸੈਕਿੰਡ ਵਿੱਚ ਫੁੱਲਸਟਾਪ ਲਗ ਜਾਏ ਤਾਂ ਸਹਿਜ ਹੀ ਅਸ਼ਰੀਰੀ ਬਣ ਜਾਵੋਗੇ।

ਸਲੋਗਨ:- ਬਾਪ ਸਮਾਨ ਬਣਨਾ ਹੈ ਤਾਂ ਵਿਗੜੀ ਨੂੰ ਬਣਾਉਣ ਵਾਲੇ ਬਣੋ।

******